Punjabi - Number 120
March 2018

# ਕਾਰਬਾਪੇਨੇਮੇਜ਼ – ਉਤਪੰਨ ਕਰਨ ਵਾਲੇ ਜੀਵ (ਸੀਪੀਓ)
## Carbapenemase-producing Organisms (CPO)

### ਕਾਰਬਾਪੇਨੇਮੇਜ਼ – ਉਤਪੰਨ ਕਰਨ ਵਾਲੇ ਜੀਵ (ਸੀਪੀਓ) ਕੀ ਹਨ?

ਕਾਰਬਾਪੇਨੇਮੇਜ਼ – ਉਤਪੰਨ ਕਰਨ ਵਾਲੇ ਜੀਵ (ਸੀਪੀਓ) ਉਹ ਬੈਕਟੀਰੀਆ ਹਨ ਜਿਹੜੇ ਕੁਦਰਤੀ ਤੌਰ ਤੇ ਆਂਦਰਾਂ (ਪਾਚਨ ਪ੍ਰਣਾਲੀ) ਵਿੱਚ ਮਿਲਦੇ ਹਨ ਅਤੇ ਜਿਹੜੇ ਕਾਰਬਾਪੇਨੇਮਜ਼ (carbapenems) ਨਾਮ ਨਾਲ ਜਾਣੇ ਜਾਣ ਵਾਲੇ ਐਂਟੀਬਾਇਓਟਿਕਸ ਸਮੂਹ ਵਿਰੋਧੀ ਹੋ ਗਏ ਹਨ।

ਤੁਸੀਂ ਕਾਰਬਾਪੇਨੇਮ – ਰਜ਼ਿਸਟੈਂਟ ਏਨਟੇਰੋਬੈਕਟੀਰੀਏਸੀ (ਸੀਆਰਈ) (carbapenem-resistant Enterobacteriaceae (CRE)) ਜਾਂ ਕਾਰਬਾਪੇਨੇਮੇਜ਼ ਪਰੋਡਿਊਸਿੰਗ ਏਨਟੇਰੋਬੈਕਟੀਰੀਏਸੀ (ਸੀਪੀਈ) (carbapenemase-producing Enterobacteriaceae (CPE)) ਸ਼ਬਦ ਵੀ ਸੁਣ ਸਕਦੇ ਹੋ।

### ਸੀਪੀਓ (CPO) ਚਿੰਤਾ ਦਾ ਵਿਸ਼ਾ ਕਿਉਂ ਹੈ?

ਸੀਪੀਓ (CPO) ਦੁਨੀਆਂ ਭਰ ਵਿੱਚ ਬਹੁਤ ਸਾਰੇ ਦੇਸ਼ਾਂ ਵਿੱਚ ਆਮਤੌਰ ਤੇ ਪਾਏ ਜਾਂਦੇ ਹਨ, ਖਾਸ ਕਰਕੇ ਉਨ੍ਹਾਂ ਦੀਆਂ ਸਿਹਤ ਦੇਖਭਾਲ ਸੁਵਿਧਾਵਾਂ ਵਿੱਚ। ਕੈਨੇਡਾ ਦੇ ਬਾਹਰ ਹਸਪਤਾਲ ਵਿੱਚ ਦਾਖਲ ਕੀਤੇ ਜਾਣ ਜਾਂ ਸਿਹਤ ਸੁਵਿਧਾ ਵਿੱਚ ਇਲਾਜ (ਉਦਾਹਰਣ ਡਾਇਲਸਿਸ ਜਾਂ ਸਰਜਰੀ) ਪ੍ਰਾਪਤ ਕਰਨ ਵਾਲੇ ਲੋਕਾਂ, ਜਾਂ ਜਿੰਨ੍ਹਾਂ ਨੇ ਕੈਨੇਡਾ ਤੋਂ ਬਾਹਰ ਸਫਰ ਕੀਤਾ ਹੈ ਨੂੰ ਸੀਪੀਓ (CPO) ਬੈਕਟੀਰੀਆ ਪ੍ਰਾਪਤ ਕਰ ਲੈਣ ਦਾ ਵਧਿਆ ਹੋਇਆ ਜੋਖਮ ਹੋ ਸਕਦਾ ਹੈ। ਇੰਨ੍ਹਾਂ ਬੈਕਟੀਰੀਆ ਨੂੰ ਦੂਸਰੇ ਵਿਅਕਤੀਆਂ ਤੱਕ ਫੈਲਣ ਤੋਂ ਰੋਕਣਾ ਬਹੁਤ ਮਹੱਤਵਪੂਰਨ ਹੈ, ਖਾਸ ਕਰਕੇ ਹਸਪਤਾਲਾਂ ਅਤੇ ਸਿਹਤ ਸੰਭਾਲ ਥਾਵਾਂ ਜਿਥੇ ਮਰੀਜ਼ ਵਿਗਾੜ ਵਿਕਸਤ ਕਰਨ ਲਈ ਕਮਜ਼ੋਰ ਹਨ।

ਸੀਪੀਓ (CPO) ਦਾ ਜੋਖਮ ਆਮਤੌਰ ਤੇ ਘੱਟ ਹੁੰਦਾ ਹੈ ਅਤੇ ਉਹ ਵਿਰਲੇ ਹੀ ਸਿਹਤਮੰਦ ਲੋਕਾਂ ਵਿੱਚ ਵਿਗਾੜ ਦਾ ਕਾਰਨ ਬਣਦੇ ਹਨ। ਜੇ ਉਹ ਆਂਦਰਾਂ ਤੋਂ ਸਰੀਰ ਦੇ ਦੂਜੇ ਭਾਗਾਂ ਜਿਵੇਂ ਕਿ ਖੂਨ, ਫੇਫੜਿਆਂ ਜਾਂ ਬਲੈਡਰ ਤੱਕ ਫੈਲ ਜਾਂਦੇ ਹਨ, ਵਿਅਕਤੀ ਵਿਗਾੜਗ੍ਰਸਤ ਹੋ ਜਾਂਦਾ ਹੈ।

ਕਾਰਬਾਪੇਨੇਮਜ਼ (carbapenems) ਦੇ ਕਾਰਬਾਪੇਨੇਮਜ਼ ਐਂਟੀਬਾਇਓਟਿਕਾਂ ਦੇ ਵਿਰੋਧੀ ਹੋਣ ਕਰਕੇ ਸੀਪੀਓ (CPO) ਵਿਗਾੜਾਂ ਦਾ ਇਲਾਜ ਕਰਨਾ ਮੁਸ਼ਕਲ ਹੁੰਦਾ ਹੈ। ਕਾਰਬਾਪੇਨੇਮਜ਼ ਐਂਟੀਬਾਇਓਟਿਕਾਂ ਪ੍ਰਤੀ ਵਿਰੋਧੀ ਹੋਣਾ ਚਿੰਤਾ ਦਾ ਕਾਰਨ ਹੈ ਕਿਉਂਕ ਉਨ੍ਹਾਂ ਨੂੰ ਉਸ ਵੇਲੇ ਗੰਭੀਰ ਵਿਗਾੜਾਂ ਦਾ ਇਲਾਜ ਕਰਨ ਲਈ ਵਰਤਿਆ ਜਾਂਦਾ ਹੈ ਜਦੋਂ ਦੂਸਰਿਆਂ ਐਂਟੀਬਾਇਓਟਿਕਾਂ ਨੇ ਕੰਮ ਨਹੀਂ ਕੀਤਾ ਹੁੰਦਾ। ਜੇ ਤੁਸੀਂ ਸੀਪੀਓ (CPO) ਕਰਕੇ ਹੋਣ ਵਾਲਾ ਵਿਗਾੜ ਵਿਕਸਤ ਕਰ ਲੈਂਦੇ ਹੋ, ਤੁਹਾਡਾ ਡਾਕਟਰ ਤੁਹਾਨੂੰ ਖਾਸ ਐਂਟੀਬਾਇਓਟਿਕ ਦੇਵੇਗਾ ਜਿਹੜੇ ਇੰਨ੍ਹਾਂ ਬੈਕਟੀਰੀਆ ਲਈ ਕੰਮ ਕਰਦੇ ਹਨ।

### ਸੀਪੀਓ (CPO) ਕਿਵੇਂ ਫੈਲਦਾ ਹੈ?

ਸੀਪੀਓ (CPO) ਆਮਤੌਰ ਤੇ ਆਂਦਰਾਂ ਵਿੱਚ ਪਾਏ ਜਾਂਦੇ ਹਨ। ਸੀਪੀਓ ਦੇ ਵਿਅਕਤੀ ਤੋਂ ਵਿਅਕਤੀ ਤੱਕ ਫੈਲਣ ਤੋਂ ਸਭ ਤੋਂ ਆਮ ਤਰੀਕਾ ਸਿੱਧੇ ਸੰਪਰਕ ਰਾਹੀਂ ਹੈ, ਜਦੋਂ ਹਥਾਂ ਨੂੰ ਬਾਥਰੂਮ ਜਾਣ ਤੋਂ ਬਾਅਦ ਅਤੇ ਭੋਜਨ ਤਿਆਰ ਕਰਨ ਜਾਂ ਖਾਣ ਤੋਂ ਪਹਿਲਾਂ ਸਾਫ ਨਹੀਂ ਕੀਤਾ ਜਾਂਦਾ।

ਸੀਪੀਓ (CPO) ਹੋਣ ਦੀ ਪਛਾਣ ਕੀਤੇ ਗਏ ਲੋਕਾਂ ਨੂੰ ਸੀਪੀਓ (CPO) ਨੂੰ ਘਰ ਵਿੱਚ ਦੂਸਰੇ ਲੋਕਾਂ ਤੱਕ ਫੈਲਣ ਤੋਂ ਰੋਕਣ ਵਾਸਤੇ ਇੰਨ੍ਹਾਂ ਹਿਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ:

- ਆਪਣੇ ਹੱਥ ਅਕਸਰ ਧੋਵੋ, ਖਾਸ ਕਰਕੇ ਬਾਥਰੂਮ ਜਾਣ ਤੋਂ ਬਾਅਦ, ਵਿਗਾੜਗ੍ਰਸਤ ਖੇਤਰਾਂ ਨੂੰ ਛੂਹਣ ਤੋਂ ਬਾਅਦ ਅਤੇ ਭੋਜਨ ਤਿਆਰ ਕਰਨ ਅਤੇ ਖਾਣ ਤੋਂ ਪਹਿਲਾਂ
- ਨਿਜੀ ਵਸਤਾਂ ਜਿਵੇਂ ਕਿ ਤੌਲੀਏ, ਦੰਦਾਂ ਦੇ ਬਰੱਸ਼ ਜਾਂ ਸਾਬਣ ਸਾਂਝੀਆਂ **ਨਾ ਕਰੋ**
- ਕਪੜਿਆਂ ਨੂੰ ਆਮ ਢੰਗ ਨਾਲ ਹੀ ਧੋਇਆ ਜਾਣਾ ਚਾਹੀਦਾ ਹੈ
- ਬਾਥਰੂਮਾਂ ਨੂੰ ਅਕਸਰ ਸਾਫ ਕਰੋ; ਸਾਫ ਕਰਨ ਵਾਲੀਆਂ ਕੋਈ ਵੀ ਖਾਸ ਚੀਜ਼ਾਂ (ਏਜੰਟਾਂ) ਦੀ ਲੋੜ ਨਹੀਂ ਹੈ
- ਰਿਸ ਰਹੇ ਖੁੱਲੇ ਜ਼ਖਮਾਂ ਨੂੰ ਸਾਫ ਪੱਟੀ ਵਰਤ ਕੇ ਢੱਕੋ

ਸੀਪੀਓ (CPO) ਵਾਲੇ ਵਿਅਕਤੀ ਦੇ ਨਾਲ ਰਹਿਣ ਵਾਲੇ ਲੋਕਾਂ ਨੂੰ ਆਪਣੇ ਹੱਥ ਅਕਸਰ ਧੋਣੇ ਚਾਹੀਦੇ ਹਨ। ਹੱਥ ਧੋਣ ਬਾਰੇ ਹੋਰ ਜਾਣਕਾਰੀ ਲਈ, HealthLinkBC File #85 ਹੱਥ ਧੋਣਾ:ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

## ਸੀਪੀਓ (CPO) ਕਿੰਨੇ ਆਮ ਹਨ?

ਸੀਪੀਓ (CPO) ਵਿਗਾੜ ਬਹੁਤ ਵਿਰਲੇ ਹੁੰਦੇ ਹਨ। ਬੀ.ਸੀ. ਵਿੱਚ ਕੇਸਾਂ ਦੀ ਬਹੁਤ ਘੱਟ ਸੰਖਿਆ ਦੀ ਪਛਾਣ ਕੀਤੀ ਗਈ ਹੈ। ਪਰ, ਸੀਪੀਓ (CPO) ਇੱਕ ਉੱਭਰਦੀ ਹੋਈ ਧਮਕੀ ਹਨ ਅਤੇ ਦੁਨੀਆਂ ਭਰ ਵਿੱਚ ਵੱਧ ਰਹੇ ਹਨ।

## ਕੀ ਪਰਿਵਾਰ ਦੇ ਮੈਂਬਰਾਂ ਨੂੰ ਸੀਪੀਓ (CPO) ਲਈ ਜਾਂਚ ਕਰਵਾਉਣੀ ਚਾਹੀਦੀ ਹੈ?

ਸੀਪੀਓ (CPO) ਵਾਲੇ ਕਿਸੀ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ ਆਮਤੌਰ ਤੇ ਜਾਂਚ ਕਰਵਾਉਣ ਦੀ ਲੋੜ ਨਹੀਂ ਹੁੰਦੀ, ਤਾਂ ਵੀ ਜੇ ਉਨ੍ਹਾਂ ਨੇ ਕੈਨੇਡਾ ਦੇ ਬਾਹਰ ਸਫਰ ਕੀਤਾ ਹੈ ਜਾਂ ਸਿਹਤ ਸੰਭਾਲ ਪ੍ਰਾਪਤ ਕੀਤੀ ਹੈ। ਸੀਪੀਓ (CPO) ਕਰਕੇ ਵਿਰਲੇ ਹੀ ਹਸਪਤਾਲਾਂ ਤੋਂ ਬਾਹਰ ਸਮੱਸਿਆਵਾਂ ਜਾਂ ਵਿਗਾੜ ਹੁੰਦੇ ਹਨ।

## ਮੇਰੇ ਸੀਪੀਓ (CPO) ਨਾਲ ਵਿਗਾੜਗ੍ਰਸਤ ਹੋਣ ਦੇ ਕੀ ਸੰਜੋਗ ਹਨ?

ਜੇ ਤੁਸੀਂ ਸਿਹਤਮੰਦ ਹੋ ਸੀਪੀਓ (CPO) ਕਰਕੇ ਤੁਹਾਡੇ ਬਿਮਾਰ ਹੋਣ ਦੇ ਸੰਜੋਗ ਬਹੁਤ ਘੱਟ ਹਨ। ਤੁਹਾਨੂੰ ਜ਼ਿਆਦਾ ਖਤਰਾ ਹੋ ਸਕਦਾ ਹੈ ਜੇ ਤੁਸੀਂ ਲੰਮੇ ਸਮੇਂ ਤੋਂ, ਅਕਸਰ ਜਾਂ ਐਂਟੀਬਾਇਓਟਿਕਾਂ ਦੀ ਤੀਬਰ ਵਰਤੋਂ ਕਰਦੇ ਰਹੇ ਹੋ।

## ਸੀਪੀਓ (CPO) ਵਿਗਾੜਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਜੇ ਤੁਸੀਂ ਸੀਪੀਓ (CPO) ਕਰਕੇ ਹੋਣ ਵਾਲਾ ਵਿਗਾੜ ਵਿਕਸਤ ਕਰ ਲੈਂਦੇ ਹੋ, ਤੁਹਾਡਾ ਡਾਕਟਰ ਤੁਹਾਨੂੰ ਖਾਸ ਐਂਟੀਬਾਇਓਟਿਕ ਦੇਵੇਗਾ ਜਿਹੜੇ ਇੰਨ੍ਹਾਂ ਬੈਕਟੀਰੀਆ ਲਈ ਕੰਮ ਕਰਦੇ ਹਨ। ਤੁਹਾਨੂੰ ਦਿੱਤੀਆਂ ਗਈਆਂ ਇਲਾਜ ਸੰਬੰਧੀ ਹਿਦਾਇਤਾਂ ਦੀ ਪਾਲਣਾ ਸਾਵਧਾਨੀ ਨਾਲ ਕਰੋ। ਸਾਰੀਆਂ ਐਂਟੀਬਾਇਓਟਿਕਾਂ ਖਤਮ ਕਰਨਾ ਯਕੀਨੀ ਬਣਾਓ, ਜੇ ਤੁਹਾਡੇ ਲੱਛਣਾਂ ਦਾ ਹਲ ਹੋ ਜਾਂਦਾ ਹੈ ਤਾਂ ਵੀ।

ਜੇ ਤੁਹਾਡੀਆਂ ਆਂਦਰਾਂ ਵਿੱਚ ਸੀਪੀਓ (CPO) ਮੌਜੂਦ ਹੈ ਅਤੇ ਤੁਸੀਂ ਸਿਹਤਮੰਦ ਹੋ, ਤੁਹਾਨੂੰ ਇਲਾਜ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ਆਪਣੀਆਂ ਸਧਾਰਨ ਗਤੀਵਿਧੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ।
ਤੁਹਾਨੂੰ ਆਪਣੇ ਕੰਮ ਦੇ ਸਥਾਨ, ਸਕੂਲ ਜਾਂ ਡੇਕੇਅਰ ਦੇ ਸਥਾਨ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਤੁਸੀਂ ਸੀਪੀਓ (CPO) ਦੇ ਵਾਹਕ ਹੋ।

## ਮੈਂ ਸੀਪੀਓ (CPO) ਵਿਗਾੜ ਦੀ ਰੋਕਥਾਮ ਕਿਵੇਂ ਕਰ ਸਕਦਾ/ਦੀ ਹਾਂ?

ਸੀਪੀਓ (CPO) ਤੋਂ ਤੁਹਾਡੀ ਰੱਖਿਆ ਕਰਨ ਲਈ ਕੋਈ ਵੈਕਸੀਨ ਨਹੀਂ ਹੈ। ਸਭ ਤੋਂ ਮਹੱਤਵਪੂਰਨ ਚੀਜ਼ ਜਿਹੜੀ ਤੁਸੀਂ ਕਰ ਸਕਦੇ ਹੋ ਉਹ ਹੈ ਖਾਣ, ਪੀਣ, ਸਿਗਰੇਟ ਪੀਣ, ਨਿਜੀ ਦੇਖਭਾਲ ਵਾਲੇ ਉਤਪਾਦ ਲਗਾਉਣ, ਆਪਣਾ ਚਿਹਰਾ, ਨੱਕ ਜਾਂ ਅੱਖਾਂ ਛੂਹਣ ਤੋਂ ਪਹਿਲਾਂ ਅਤੇ ਟਾਇਲਟ ਵਰਤਣ ਤੋਂ ਬਾਅਦ ਆਪਣੇ ਹੱਥ ਧੋਣਾ। ਆਪਣੇ ਹੱਥਾਂ ਨੂੰ ਨਿੱਘਾ ਪਾਣੀ ਅਤੇ ਸਾਬਣ ਵਰਤ ਕੇ ਘੱਟੋ ਘੱਟ 15 ਸਕਿੰਟਾਂ ਵਾਸਤੇ ਧੋਵੋ। ਆਪਣੇ ਹੱਥਾਂ ਨੂੰ ਸੁਕਾਉਣ ਲਈ ਪੇਪਰ ਟਾਵਲ ਵਰਤੋ। ਜੇ ਸਾਬਣ ਅਤੇ ਪਾਣੀ ਉਪਲਬਧ ਨਹੀਂ ਹੈ, ਅਲਕੋਹਲ ਅਧਾਰਤ ਹੈਂਡ ਸੈਨੀਟਾਈਜ਼ਰ ਵਰਤੋ। ਸੈਨੀਟਾਈਜ਼ਰ ਵਰਤਿਆ ਜਾ ਸਕਦਾ ਹੈ ਜਦੋਂ ਤੱਕ ਕਿ ਤੁਹਾਡੇ ਹੱਥ ਦੇਖਣ ਵਿੱਚ ਗੰਦੇ ਨਹੀਂ ਹਨ। ਹੱਥ ਧੋਣ ਬਾਰੇ ਹੋਰ ਜਾਣਕਾਰੀ ਲਈ, HealthLinkBC File #85 ਹੱਥ ਧੋਣਾ:ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

ਕਈ ਬੈਕਟੀਰੀਆ ਕਈ ਦਿਨਾਂ ਵਾਸਤੇ ਜਾਂ ਮਹੀਨਿਆਂ ਲਈ ਵੀ ਨਲਕਿਆਂ ਅਤੇ ਸਿੰਕਾਂ ਵਰਗੇ ਤਲਾਂ ਤੇ ਜ਼ਿੰਦਾ ਰਹਿ ਸਕਦੇ ਹਨ। ਘਰੇਲੂ ਕਲੀਨਰ ਦੇ ਨਾਲ ਇੰਨ੍ਹਾਂ ਤਲਾਂ ਦੀ ਨਿਯਮਿਤ ਸਫਾਈ ਵੀ ਬੈਕਟੀਰੀਆ ਦੇ ਫੈਲਣ ਨੂੰ ਘਟਾਉਣ ਵਿੱਚ ਸਹਾਇਤਾ ਕਰ ਸਕਦੀ ਹੈ।

## ਹਸਪਤਾਲਾਂ ਵਿੱਚ ਸੀਪੀਓ (CPO) ਦੇ ਫੈਲਣ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾਂਦੇ ਹਨ?

ਜੇ ਤੁਸੀਂ ਮੁਲਾਕਾਤ ਲਈ ਹਸਪਤਾਲ ਵਿੱਚ ਗਏ ਹੋ, ਸੀਪੀਓ (CPO) ਨੂੰ ਫੈਲਣ ਤੋਂ ਰੋਕਣ ਲਈ ਹਸਪਤਾਲ ਦੀਆਂ ਸੇਧਾਂ ਦੀ ਪਾਲਣਾ ਕਰੋ। ਆਪਣੇ ਹੱਥ ਧੋਵੋ ਜਾਂ ਹਸਪਤਾਲ ਅਤੇ ਮਰੀਜ਼ ਦੇ ਕਮਰੇ ਵਿੱਚ ਦਾਖਲ ਹੋਣ ਅਤੇ ਉਨ੍ਹਾਂ ਤੋਂ ਬਾਹਰ ਨਿਕਲਣ ਵੇਲੇ ਹੈਂਡ ਸੈਨੀਟਾਈਜ਼ਰ ਵਰਤੋ। ਬੀ.ਸੀ. ਵਿੱਚ ਗੰਭੀਰ ਦੇਖਭਾਲ ਹਸਪਤਾਲ ਵਿੱਚ ਦਾਖਲ ਕੀਤੇ ਗਏ ਮਰੀਜ਼ਾਂ ਦੀ ਉਨ੍ਹਾਂ ਦੇ ਜੋਖਮ ਤੇ ਅਧਾਰਤ ਐਂਟੀਬਾਇਓਟਿਕ ਵਿਰੋਧੀ ਬੈਕਟੀਰੀਆ ਵਾਸਤੇ ਸਕ੍ਰੀਨਿੰਗ ਕੀਤੀ ਜਾ ਸਕਦੀ ਹੈ।

ਜਦੋਂ ਤੁਹਾਨੂੰ ਹਸਪਤਾਲ ਵਿੱਚ ਦਾਖਲ ਕੀਤਾ ਜਾਂਦਾ ਹੈ, ਤੁਸੀਂ ਆਊਟਪੇਸ਼ੈਂਟ ਕਲੀਨਿਕ ਵਿੱਚ ਜਾਂਦੇ ਹੋ ਜਾਂ ਤੁਹਾਡੇ ਸਿਹਤ ਸੰਭਾਲ ਸੰਬੰਧੀ ਅਕਸਰ ਸਾਮ੍ਹਣੇ, ਜਿਵੇਂ ਕਿ ਡਾਇਲਸਿਸ, ਹੁੰਦੇ ਹਨ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦਸੋ ਜੇ ਤੁਸੀਂ ਸੀਪੀਓ (CPO) ਦੇ ਵਾਹਕ ਹੋ। ਦੂਸਰੇ ਮਰੀਜ਼ਾਂ ਤੱਕ ਸੀਪੀਓ (CPO) ਫੈਲਣ ਨੂੰ ਰੋਕਣ ਵਿੱਚ ਸਹਾਇਤਾ ਕਰਨ ਲਈ ਵਿਗਾੜ ਨੂੰ ਨਿਯੰਤਰਿਤ ਕਰਨ ਲਈ ਉਪਾਅ ਕੀਤੇ ਜਾਣਗੇ।